# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 04 ਜਨਵਰੀ 2025 ਦਿਨ ਸ਼ਨੀਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਰਾਸ਼ਟਰੀ ਮੂਲ ਭਾਰਤੀ ਚਿੰਤਨ ਸੰਘ ਨੇ ਨਾਨਕਸਰ ਨੇੜੇ ਸਵਿਤਰੀ ਬਾਈ ਫੂਲੇ ਦਾ ਜਨਮ ਦਿਵਸ ਮਨਾਇਆ

ਵਰਲਡ ਪੰਜਾਬੀ ਟਾਈਮਜ਼



ਜਗਰਾਉਂ 4 ਜਨਵਰੀ : ਨਾਨਕਸਰ ਨੇੜੇ ਜਗਰਾਉਂ (ਲੁਧਿਆਣਾ) ਵਿਖੇ ਪੂਜਨੀਕ ਮਾਤਾ, ਭਾਰਤ ਦੀ ਪਹਿਲੀ ਮਹਿਲਾ ਅਧਿਆਪਕ ਦਾ ਜਨਮ ਦਿਵਸ ਰਾਸ਼ਟਰੀ ਮੂਲ ਭਾਰਤੀ ਚਿੰਤਨ ਸੰਘ ਵੱਲੋਂ ਮਨਾਇਆ ਗਿਆ। ਦਲਿਤ ਸਮਾਜ ਦੀ ਪੁਰਾਣੇ ਸਮੇਂ ਅਤੇ ਅਜੋਕੇ ਸਮੇਂ ਦੀ ਦਿਸ਼ਾ ਅਤੇ ਦਸ਼ਾ ’ਤੇ ਖਾਸ ਤੌਰ ਤੇ ਸ਼ੂਦਰਾਂ ਅਤੇ ਇਸਤ੍ਰੀਆਂ ਸਬੰਧੀ ਵਿਚਾਰ ਚਰਚਾ ਨੌਜਵਾਨ ਲੜਕੀਆਂ ਨਾਲ ਕੀਤੀ ਗਈ। ਸਵਿਤਰੀ ਬਾਈ ਫੂਲੇ ਦੁਆਰਾ ਦਲਿਤ ਵਰਗ ਦੇ ਵਿਦਿਆਰਥੀਆਂ ਦੀ ਭਲਾਈ ਹਿੱਤ ਗਿਆਨ ਦਾ ਚਾਨਣ ਫੈਲਾਉਣ ਸਮੇਂ ਦਰਪੇਸ਼ ਬ੍ਰਾਹਮਣਵਾਦੀ ਸਮਾਜ ਦੀਆਂ ਰੁਕਾਵਟਾਂ ਬਾਰੇ ਵੀ ਵਿਦਿਆਰਥੀਆਂ ਨੂੰ ਵਿਸਥਾਰਤ ਦੱਸਿਆ ਗਿਆ ।ਇਸ ਸਮਾਗਮ ਵਿੱਚ ਬੋਲਦਿਆਂ ਡਾਕਟਰ ਸੁਰਜੀਤ ਸਿੰਘ ਦੌਧਰ, ਸ: ਭੁਪਿੰਦਰ ਸਿੰਘ ਚੰਗਣ ਅਤੇ ਲੈਕ: ਬਲਦੇਵ ਸਿੰਘ ਸੁਧਾਰ ਨੇ ਸਿੱਖਿਆ ਕਿਉਂ ਜਰੂਰੀ ਹੈ , ਇਸ ਤੇ ਵਿਚਾਰਾਂ ਕੀਤੀਆਂ ਅਤੇ ਪੂਜਨੀਕ ਮਾਤਾ ਸਾਵਿਤਰੀ ਬਾਈ ਫੂਲੇ ਦੇ ਜੀਵਨ ਤੇ ਚਾਨਣਾ ਆਉਂਦੇ ਆ ਉਹਨਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ ।

## ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵਲੋਂ ਕੇਂਦਰੀ ਮਾਡਰਨ ਜੇਲ੍ਹ ਫਰੀਦਕੋਟ ਦਾ ਦੌਰਾ

### ਪੰਜਾਬ ਨੂੰ ਤਰੱਕੀ ਵੱਲ ਲਿਜਾਣ ਲਈ ਜੇਲ੍ਹ ਵਿੱਚ ਬੰਦ ਔਰਤਾਂ ਨੂੰ ਨਾਲ ਲੈ ਕੇ ਚੱਲਿਆ ਜਾਵੇਗਾ : ਡਾ. ਬਲਜੀਤ ਕੌਰ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 4 ਜਨਵਰੀ : ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਭਾਗ ਜਿੱਥੇ ਸੂਬੇ ਦੀਆਂ ਔਰਤਾਂ ਦੀ ਸਿਹਤ ਜਾਂਚ ਸਬੰਧੀ ਅਤੇ ਉਨ੍ਹਾਂ ਨੂੰ ਰੁਜਗਾਰ ਦੇਣ ਸਬੰਧੀ ਲਗਾਤਾਰ ਕੈਂਪ ਲਾ ਕੇ ਉਨ੍ਹਾਂ ਨੂੰ ਜਾਗਰੂਕ ਕਰ ਰਿਹਾ ਹੈ, ਉੱਥੇ ਹੀ ਇਨ੍ਹਾਂ ਦਾ ਲਾਭ ਹਰ ਔਰਤ ਤੱਕ ਪਹੁੰਚਾਉਣ ਲਈ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ, ਤਾਂ ਜੋ ਸੂਬੇ ਦੀ ਕੋਈ ਵੀ ਔਰਤ ਇਨ੍ਹਾਂ ਦਾ ਲਾਭ ਲੈਣ ਤੋਂ ਵਾਂਝੀ ਨਾ ਰਹਿ



ਜਾਵੇ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਸਥਾਨਕ ਕੇਂਦਰੀ ਮਾਡਰਨ ਜੇਲ ਦੇ ਦੌਰੇ ਦੌਰਾਨ ਜੇਲ੍ਹ ਵਿੱਚ ਬੰਦ ਔਰਤਾਂ ਨੂੰ ਮਿਲਣ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸੰਯੁਕਤ ਵਿਕਾਸ ਕਮਿਸ਼ਨਰ-ਕਮ-ਕਮਿਸ਼ਨਰ ਨਰੇਗਾ ਸ਼੍ਰੀਮਤੀ ਸ਼ੀਨਾ ਅਗਰਵਾਲ ਅਤੇ ਐਸ.ਐਸ.ਪੀ. ਡਾ. ਪ੍ਰਗਿਆ ਜੈਨ ਵੀ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ। ਇਸ ਮੌਕੇ ਆਪਣੇ ਸੰਬੋਧਨ ਵਿੱਚ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਭਾਗ ਵੱਲੋਂ ਲਗਾਤਾਰ ਇਹ ਉਪਰਾਲਾ ਕੀਤਾ ਜਾ ਰਿਹਾ ਹੈ ਕਿ ਸੂਬੇ ਦੀ ਹਰੇਕ ਔਰਤ ਦੀ ਸਿਹਤ ਜਾਂਚ ਕੀਤੀ ਜਾਵੇ ਅਤੇ ਉਨ੍ਹਾਂ ਦਾ ਮਨੋਬਲ ਉੱਚਾ ਕਰਨ ਲਈ ਉਨ੍ਹਾਂ ਨੂੰ ਰੁਜਗਾਰ ਦੇ ਮੌਕੇ ਪ੍ਰਦਾਨ ਕੀਤੇ ਜਾਣ, ਜਿਸ ਲਈ ਪਿਛਲੇ ਦਿਨਾਂ ਤੋਂ ਸੂਬੇ ਵਿੱਚ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਕੈਂਪ ਲਾ ਕੇ ਹਰੇਕ ਜਿਲ੍ਹੇ ਦੀਆਂ ਔਰਤਾਂ, ਲੜਕੀਆਂ ਨੂੰ ਇਸ ਦਾ ਲਾਭ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਜਿਲ੍ਹਾ ਫਰੀਦਕੋਟ ਵਿੱਚ ਵੀ ਅਜਿਹੇ ਕੈਂਪ ਦਾ ਆਯੋਜਨ ਕਰਕੇ ਔਰਤਾਂ ਨੂੰ ਇਨ੍ਹਾਂ ਸਹੂਲਤਾਂ ਦਾ ਲਾਭ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸਹੂਲਤਾਵਾਂ ਨੂੰ ਹਰੇਕ ਔਰਤ ਚਾਹੇ ਉਹ ਕਿਤੇ ਵੀ ਹੋਵੇ ਉਸ ਤੱਕ ਇਸ ਦਾ ਲਾਭ ਦਿੱਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਜੇਲ੍ਹ ਵਿੱਚ ਰਹਿ ਰਹੀਆਂ ਔਰਤਾਂ ਦੀ ਸਿਹਤ ਜਾਂਚ, ਉਨ੍ਹਾਂ ਦੀ ਸਰੀਰਕ ਸਥਿਤੀ, ਉਨ੍ਹਾਂ ਨਾਲ ਰਹਿ ਰਹੇ ਉਨ੍ਹਾਂ ਦੇ ਬੱਚਿਆਂ ਲਈ ਸਹੂਲਤਾਂ ਆਦਿ ਦੇਖਣ ਲਈ ਉਨ੍ਹਾਂ ਵੱਲੋਂ ਇਹ ਦੌਰਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਤਰੱਕੀ ਵੱਲ ਲਿਜਾਣ ਲਈ ਜੇਲ੍ਹ ਵਿੱਚ ਬੰਦ ਔਰਤਾਂ ਨੂੰ ਵੀ ਨਾਲ ਲੈ ਕੇ ਚੱਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜੇਲ੍ਹ ਵਿੱਚ ਬੰਦ ਔਰਤਾਂ ਦੇ ਬੱਚਿਆਂ ਨੂੰ ਆਂਗਨਵਾੜੀ ਸੈਂਟਰਾਂ ਨਾਲ ਇਨਰੋਲ ਕੀਤਾ ਜਾਵੇਗਾ ਤਾਂਕਿ ਜੋ ਸਹੂਲਤਾਂ ਸੂਬੇ ਦੇ ਬਾਕੀ ਬੱਚਿਆ ਨੂੰ ਮਿਲ ਰਹੀਆਂ ਹਨ, ਉਹ ਸਹੂਲਤਾਂ ਇਨ੍ਹਾਂ ਬੱਚਿਆਂ ਨੂੰ ਵੀ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਬੱਚਿਆਂ ਲਈ ਇਹ ਸਹੂਲਤਾਂ ਸਾਰੇ ਸੂਬੇ ਦੀਆਂ ਜੇਲ੍ਹਾਂ ਵਿੱਚ ਲਾਗੂ ਹੋਣਗੀਆਂ। ਇਸ ਮੌਕੇ ਉਨ੍ਹਾਂ ਔਰਤਾਂ ਨੂੰ ਚੰਗੀ ਸਿੱਖਿਆ ਲੈ ਕੇ ਬਾਹਰ ਆ ਕੇ ਆਪਣੇ ਰੁਜਗਾਰ ਸ਼ੁਰੂ ਕਰਨ ਅਤੇ ਉਨ੍ਹਾਂ ਲਈ ਅਤੇ ਉਨ੍ਹਾਂ ਦੇ ਬੱਚਿਆਂ ਲਈ ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਬਾਰੇ ਵੀ ਜਾਣਕਾਰੀ ਦਿੱਤੀ। ਇਸ ਮੌਕੇ ਔਰਤਾਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ ਅਤੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਔਰਤਾਂ ਅਤੇ ਬੱਚਿਆਂ ਨੂੰ ਲੋੜੀਂਦਾ ਸਮਾਨ ਦਿੱਤਾ ਅਤੇ ਜਿਲ੍ਹਾ ਜੇਲ੍ਹ ਵਿੱਚ ਬਣਾਏ ਔਰਤਾਂ ਲਈ ਸਿਲਾਈ ਸੈਂਟਰ ਦਾ ਵੀ ਉਦਘਾਟਨ ਕੀਤਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਓਜਸਵੀ ਅਲੰਕਾਰ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਨਰਭਿੰਦਰ ਸਿੰਘ ਗਰੇਵਾਲ, ਜਿਲ੍ਹਾ ਪ੍ਰੋਗਰਾਮ ਅਫਸਰ ਰਤਨਦੀਪ ਕੌਰ, ਜਿਲਾ ਭਲਾਈ ਅਫਸਰ ਗੁਰਮੀਤ ਸਿੰਘ ਬਰਾੜ, ਜੇਲ ਸੁਪਰਡੈਂਟ ਇਕਬਾਲ ਸਿੰਘ ਧਾਲੀਵਾਲ, ਅਡੀਸ਼ਨਲ ਸੁਪਰਡੈਂਟ ਰਾਜਦੀਪ ਸਿੰਘ, ਐਸ.ਪੀ ਐਚ. ਬਲਜੀਤ ਸਿੰਘ ਭੁੱਲਰ, ਡੀ.ਐਸ.ਪੀ. ਤਰਲੋਚਨ ਸਿੰਘ ਤੋਂ ਇਲਾਵਾ ਹੋਰ ਹਾਜ਼ਰ ਸਨ।

## ਸਮਾਜ ’ਚ ਫੈਲੀਆਂ ਬੁਰਾਈਆਂ ਨੂੰ ਦੂਰ ਲਈ ਬੁੱਧ ਜੀ ਦੀਆਂ ਸਿੱਖਿਆਵਾਂ ’ਤੇ ਚੱਲਣਾ ਜਰੂਰੀ : ਸ਼ਾਕਿਆ


### ਮੀਟਿੰਗ ਦੌਰਾਨ ਸਮਾਜ ਵਿੱਚ ਫੈਲੀ ਕੁਰੀਤੀਆਂ ਨੂੰ ਦੂਰ ਕਰਨ ਦਾ ਲਿਆ ਸੰਕਲਪ

ਵਰਲਡ ਪੰਜਾਬੀ ਟਾਈਮਜ਼



ਕੋਟਕਪੂਰਾ, 4 ਜਨਵਰੀ : ਬੁੱਧ ਸ਼ਾਕਿਆ ਸੰਮਤੀ ਰਜਿ: ਕੋਟਕਪੂਰਾ ਦੇ ਪ੍ਰਧਾਨ ਸ਼੍ਰੀ ਸ਼ਿਆਮਵੀਰ ਸ਼ਾਕਿਆ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਯੁਵਾ ਬੁੱਧ ਸੰਘ ਦੀ ਹੋਈ ਮੀਟਿੰਗ ਵਿੱਚ ਸ਼ਾਕਿਆਮੁਨੀ ਭਗਵਾਨ ਗੌਤਮ ਬੁੱਧ ਜੀ ਦੀ ਸਿੱਖਿਆਵਾਂ ’ਤੇ ਵਿਚਾਰ ਚਰਚਾ ਕੀਤੀ ਗਈ, ਕਿਉਂਕਿ ਅੱਜ ਦੇ ਸਮੇਂ ਵਿੱਚ ਸਮਾਜ ਵਿੱਚ ਫੈਲੀ ਬੁਰਾਈਆਂ ਨੂੰ ਦੂਰ ਕਰਨ ਲਈ ਬੁੱਧ ਜੀ ਦੀਆਂ ਸਿੱਖਿਆਵਾਂ ਬਹੁਤ ਜਰੂਰੀ ਹਨ। ਮੀਟਿੰਗ ਵਿੱਚ ਪਹੁੰਚੇ ਸਾਰੇ ਮੈਂਬਰਾਂ ਨੇ ਭਗਵਾਨ ਗੌਤਮ ਬੁੱਧ ਦੇ ਦੱਸੇ ਮਾਰਗ ਉੱਤੇ ਚੱਲਣ ਅਤੇ ਸਮਾਜ ਵਿੱਚ ਫੈਲੀ ਕੁਰੀਤੀਆਂ ਨੂੰ ਦੂਰ ਕਰਨ ਲਈ ਸੰਕਲਪ ਲਿਆ ਗਿਆ। ਇਸ ਮੌਕੇ ਹੋਰਨਾ ਤੋਂ ਇਲਾਵਾ ਯੁਵਾ ਬੁੱਧ ਸੰਘ ਜੈਥਰਾ ਦੀ ਬੈਠਕ ਵਿੱਚ ਸੁਦੇਸ਼ ਸ਼ਾਕਿਆ, ਦਸ਼ਰਥ ਸਿੰਘ ਸ਼ਾਕਿਆ, ਰਾਘਵੇਂਦਰ ਸ਼ਾਕਿਆ, ਪ੍ਰਿਆਸੂ ਸ਼ਾਕਿਆ, ਸੂਰਜ ਸ਼ਾਕਿਆ, ਵਿਕੇਸ਼ ਸ਼ਾਕਿਆ, ਅਨਿਕੇਤ ਸ਼ਾਕਿਆ, ਸਮਰਾਟ ਪੁਸ਼ਪਿੰਦਰ ਸ਼ਾਕਿਆ, ਵਿਕਾਂਸ਼ੁ ਬੋਧ, ਦਵਿੰਦਰ, ਰਾਜਿੰਦਰ ਸ਼ਾਕਿਆ, ਪ੍ਰਦੀਪ ਸ਼ਾਕਿਆ, ਵਿਕਾਸ ਸ਼ਾਕਿਆ, ਡਾ. ਵਿਕਾਸ ਸ਼ਾਕਿਆ, ਰਾਜੇਸ਼ ਗੌਤਮ, ਹੇਮ ਸਿੰਘ ਸ਼ਾਕਿਆ, ਨਰਿੰਦਰ ਸ਼ਾਕਿਆ, ਸ਼ੁਭਾਸ਼ ਸ਼ਾਕਿਆ, ਅਸ਼ੀਸ਼ ਸ਼ਾਕਿਆ ਐਡਵੋਕੇਟ ਆਦਿ ਵੀ ਸਾਥੀ ਵੀ ਮੌਜੂਦ ਸਨ।

## ਯਾਤਰਾ ਅਤੇ ਇਤਿਹਾਸ ਦੀ ਜੁਗਲਬੰਦੀ




ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਇੰਜੀ. ਸਤਨਾਮ ਸਿੰਘ ਮੱਟੂ ਕਿੱਤੇ ਵਜੋਂ ਪੰਜਾਬ ਦੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿੱਚ ਉਪਮੰਡਲ ਇੰਜੀਨੀਅਰ ਹੈ। ਤਕਨੀਕੀ/ਗ਼ੈਰ-ਅਧਿਆਪਨ ਕਿੱਤੇ ਵਿੱਚ ਹੋਣ ਦੇ ਬਾਵਜੂਦ ਉਹਦਾ ਸਾਹਿਤ ਨਾਲ ਡੂੰਘਾ ਲਗਾਓ ਵੇਖ ਕੇ ਹੈਰਾਨੀ ਹੁੰਦੀ ਹੈ। ਦੇਸ਼-ਵਿਦੇਸ਼ ਦੇ ਸਥਾਪਤ ਅਖ਼ਬਾਰਾਂ/ਪੱਤ੍ਰਿਕਾਵਾਂ ਵਿੱਚ ਉਹਦੇ ਲੇਖ, ਕਵਿਤਾਵਾਂ ਤੇ ਗੀਤ ਆਦਿ ਜ਼ੀਨਤ ਬਣਦੇ ਰਹਿੰਦੇ ਹਨ। ਸਾਂਝੇ ਕਾਵਿ ਸੰਗ੍ਰਹਿਆਂ ਵਿੱਚ ਵੀ ਉਹਦੀ ਜ਼ਿਕਰਯੋਗ ਹਾਜ਼ਰੀ ਲੱਗੀ ਹੈ। ਮੱਟੂ ਸਿਰਫ਼ ਸਾਹਿਤਕ, ਸਭਿਆਚਾਰਕ, ਪਰਿਵਾਰਕ ਤੇ ਸਮਾਜਕ ਗੀਤ ਲਿਖਣ ਦਾ ਹਾਮੀ ਹੈ। ਉਹਦੇ ਲਿਖੇ ਗੀਤਾਂ ਨੂੰ ਲੱਕੀ ਦੁਰਗਾਪੁਰੀਆ, ਰਵੀ ਢਿੱਲੋਂ, ਜੱਸ ਜਸਵਿੰਦਰ, ਕਮਲ ਨਾਇਕ, ਬਿੱਟੂ ਬਹਾਦਰ ਤੇ ਜੇ. ਰਿਆਜ਼ ਜਿਹੇ ਗਾਇਕਾਂ ਨੇ ਆਵਾਜ਼ ਦਿੱਤੀ ਹੈ। ਪਿਛਲੇਰੇ ਸਾਲ (2023 ਵਿੱਚ) ਉਹਦੇ ਪਹਿਲੇ ਮੌਲਿਕ ਕਾਵਿ ਸੰਗ੍ਰਹਿ ‘ਯਖ਼ ਰਾਤਾਂ ਪੋਹ ਦੀਆਂ’ ਨੂੰ ਪਾਠਕਾਂ ਨੇ ਏਨਾ ਪਿਆਰ-ਸਤਿਕਾਰ ਦਿੱਤਾ ਕਿ ਇਹਦੇ ਉੱਤੋੜੁੱਤੀ ਦੋ ਐਡੀਸ਼ਨ ਵਿੰਹਦੇ-ਵਿੰਹਦੇ ਵਿਕ ਗਏ। ਉਹਨੂੰ ਪੰਜਾਬ ਸਰਕਾਰ ਤੇ ਹੋਰ ਅਦਾਰਿਆਂ ਵੱਲੋਂ ਵੱਖ ਵੱਖ ਸਮਿਆਂ ਤੇ ਸਨਮਾਨਿਤ ਅਤੇ ਪੁਰਸਕ੍ਰਿਤ ਕੀਤਾ ਜਾ ਚੁੱਕਾ ਹੈ।

ਹੁਣ ਉਹਨੇ ਯਾਤਰਾ-ਸਾਹਿਤ ਵਜੋਂ ‘ਹੇਮ ਕੁੰਟ ਪਰਬਤ ਹੈ ਜਹਾਂ’ (ਸਾਹਿਤਯ ਕਲਸ਼ ਪਬਲੀਕੇਸ਼ਨ, ਪਟਿਆਲਾ; ਪੰਨੇ : 118; ਮੁੱਲ : 200/-) ਲਿਖ ਕੇ ਵਾਰਤਕ ਵਿੱਚ ਆਪਣਾ ਕਦਮ ਧਰਿਆ ਹੈ। ਜਿਵੇਂ ਕਿ ਨਾਂ ਤੋਂ ਹੀ ਸਪਸ਼ਟ ਹੈ ਇਸ ਪੁਸਤਕ ਵਿੱਚ ਹੇਮਕੁੰਟ ਸਾਹਿਬ ਦੀ ਯਾਤਰਾ ਦਾ ਬਿਰਤਾਂਤ ਹੈ। ਸਾਰੇ ਪੰਜਾਬੀ ਪਾਠਕ ਬਾਖ਼ੂਬੀ ਜਾਣਦੇ ਹਨ ਕਿ ਹੇਮਕੁੰਟ ਦਾ ਸਥਾਨ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਬਲੇ ਜਨਮ ਦੀ ਤਪੋ-ਭੂਮੀ ਹੈ। ‘ਬਚਿਤ੍ਰ ਨਾਟਕ’ ਵਿੱਚ ਗੁਰੂ ਜੀ ਨੇ ਆਪ ਲਿਖਿਆ ਹੈ :

ਹੇਮਕੁੰਟ ਪਰਬਤ ਹੈ ਜਹਾਂ॥

ਸਪਤ ਸ੍ਰਿੰਗ ਸੋਭਿਤ ਹੈਂ ਤਹਾਂ॥

ਤਹ ਹਮ ਅਧਿਕ ਤਪੱਸਿਆ ਸਾਧੀ॥

ਮਹਾਕਾਲ ਕਾਲਿਕਾ ਆਰਾਧੀ॥

ਇਹ ਬਿਧਿ ਕਰਤ ਤਪੱਸਿਆ ਭਯੋ॥

ਦ੍ਵੈ ਸੇ ਏਕ ਰੂਪ ਹ੍ਵੈ ਗਯੋ॥

ਇੰਜੀ. ਮੱਟੂ ਦਾ ਇਹ ਯਾਤਰਾ ਬਿਰਤਾਂਤ ਕਈ ਪੱਖਾਂ ਤੋਂ ਦਿਲਚਸਪ ਹੈ। ਉਹਨੇ ਇਸ ਵਿੱਚ ਸਿਰਫ ਹੇਮਕੁੰਟ ਦੇ ਸਫ਼ਰ ਨੂੰ ਹੀ ਕਲਮਬੱਧ ਨਹੀਂ ਕੀਤਾ, ਸਗੋਂ ਸਾਹਿਤ ਅਤੇ ਇਤਿਹਾਸ ਦੀ ਚਾਸ਼ਣੀ ਮਿਲਾ ਕੇ ਇਹਨੂੰ ਕਈ ਪੱਖਾਂ ਤੋਂ ਜਾਣਕਾਰੀ ਭਰਪੂਰ ਤੇ ਸੁਆਦਲਾ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਸਫ਼ਰ 6 ਜੂਨ ਤੋਂ 11 ਜੂਨ 2022 ਤੱਕ 6 ਦਿਨਾਂ ਦਾ ਹੈ, ਜਿਸ ਵਿੱਚ ਉਹਦੇ ਦੋ ਹੋਰ ਸਾਥੀਆਂ ਇੰਜੀ. ਵਿਕਰਮਜੀਤ ਸਿੰਘ ਅਤੇ ਰਾਮ ਸਿੰਘ ਤਰਖੇੜੀ ਨੇ ਵੀ ਸਾਥ ਦਿੱਤਾ। ਇਹ ਯਾਤਰਾ ਉਨ੍ਹਾਂ ਨੇ ਕਾਰ ਰਾਹੀਂ ਕੀਤੀ ਤੇ ਕਾਰ-ਚਾਲਕ ਵਜੋਂ ਵੀ ਲੇਖਕ ਨੇ ਹੀ ਭੂਮਿਕਾ ਨਿਭਾਈ।

ਇਹ ਤਿੰਨੇ ਸਾਥੀ 6 ਜੂਨ ਨੂੰ ਪਟਿਆਲਾ ਤੋਂ ਰਾਜਪੁਰਾ, ਸੰਭੂ, ਅੰਬਾਲਾ, ਸਹਾਰਨਪੁਰ, ਨਾਰੰਗਪੁਰ, ਯਮੁਨਾਨਗਰ (ਹਰਿਆਣਾ), ਸ਼ਾਹਜਹਾਂਪੁਰ, ਮੁਜ਼ੱਫ਼ਰਨਗਰ, ਗਗਲਹੇਰੀ (ਯੂਪੀ), ਭਗਵਾਨਪੁਰ, ਬੇਹਾਦੀ ਗੁਰਜਰ, ਸਿਕੰਦਰਪੁਰ, ਇਮਲੀਖੇੜਾ, ਧਨੌਰੀ, ਹਰਿਦੁਆਰ ਦਾ ਕਰੀਬ 250 ਕਿਮੀ. ਸਫ਼ਰ ਕਰਦੇ ਹੋਏ ਰਾਤ 8 ਕੁ ਵਜੇ ਗੁਰਦੁਆਰਾ ਹੇਮਕੁੰਟ ਰਿਸ਼ੀਕੇਸ਼ (ਉੱਤਰਾਖੰਡ) ਪਹੁੰਚੇ। 7 ਜੂਨ ਨੂੰ ਅਗਲੇ ਸਫਰ ਲਈ ਰਿਸ਼ੀਕੇਸ਼ ਤੋਂ ਚੱਲ ਕੇ ਜੌਂਕ, ਕਿਆਰਕੀ, ਪਟਨਾ, ਸ਼ਿਵਪੁਰੀ, ਬੰਸਸਾਤਲ, ਅਟਾਲੀ, ਬਿਆਸੀ, ਟੀਨਧਾਰਾ, ਟੋਲ, ਪਿਪਲਕੋਟੀ ਪਹੁੰਚੇ ਤਾਂ ਕਾਰ ਵਿੱਚ ਕੋਈ ਖਰਾਬੀ ਆ ਜਾਣ ਕਰਕੇ ਦੇਹਰਾਦੂਨ ਵਰਕਸ਼ਾਪ ਵਿੱਚ ਜਾਣਾ ਪਿਆ। ਰਾਤ ਨਿਰਮਲ ਆਸ਼ਰਮ ਵਿਖੇ ਬਿਤਾਈ। 8 ਜੂਨ ਨੂੰ ਕਾਰ ਠੀਕ ਹੋਣ ਤੇ ਦੁਪਹਿਰੇ ਰਿਸ਼ੀਕੇਸ਼ ਤੋਂ ਚੱਲ ਕੇ ਦੇਵਪ੍ਰਯਾਗ ਤੋਂ ਹੁੰਦੇ ਹੋਏ ਸ਼ਾਮ ਨੂੰ ਸ਼੍ਰੀਨਗਰ ਸ਼ਹਿਰ ਪੁੱਜੇ। ਇਹ ਉੱਤਰਾਖੰਡ ਦੇ ਪੌੜੀ ਜ਼ਿਲ੍ਹੇ ਦਾ ਸ਼ਹਿਰ ਹੈ। 9 ਜੂਨ ਨੂੰ ਸ਼੍ਰੀਕੋਟ, ਚੌਖਲ, ਧਾਰੀ ਖਾਖਰਾ, ਨਰਕੋਟਾ, ਗੁਲਾਬ ਰਾਏ, ਰੁਦਰਪ੍ਰਯਾਗ, ਸੁਮੇਰਪੁਰ, ਰਤੂਰਾ, ਘੋਲਿੱਤਰ ਹੁੰਦੇ ਹੋਏ ਗੁਰਦੁਆਰਾ ਲੰਗਰ ਸਾਹਿਬ ਦਮਦਮਾ ਸਾਹਿਬ, ਗੋਬਿੰਦ ਨਗਰ ਨਗਰਾਸੂ ਪੁੱਜੇ। ਇਹ ਗੁਰਦੁਆਰਾ ਸ਼੍ਰੀਨਗਰ ਤੋਂ 45 ਕਿਮੀ. ਅਤੇ ਰਿਸ਼ੀਕੇਸ਼ ਤੋਂ 151 ਕਿਮੀ. ਦੂਰੀ ਤੇ ਸਥਿਤ ਹੈ। ਫਿਰ ਗੌਚਰ, ਗਲਨਾਊ ਰਾਹੀਂ ਕਰਣਪ੍ਰਯਾਗ, ਕਾਲੇਸ਼ਵਰ, ਸਿਰਤੌਲੀ, ਗਵਾਡ, ਉਤਰੌਂ, ਲੰਗਾਸ਼, ਸੋਨਾਲੂ, ਨੰਦਪ੍ਰਯਾਗ, ਜੋਸ਼ੀਮਠ, ਅਲਕਨੰਦਾ ਨਦੀ ਤੋਂ ਹੁੰਦੇ ਹੋਏ ਦੁਪਹਿਰ 12.30 ਵਜੇ ਗੁਰਦੁਆਰਾ ਗੋਬਿੰਦਘਾਟ ਤੇ ਆਖ਼ਰਕਾਰ ਘਾਂਗਰੀਆ ਪਿੰਡ ਗੋਬਿੰਦਧਾਮ ਪੁੱਜੇ। 10 ਜੂਨ ਨੂੰ ਇਹ ਸਾਥੀ ਗੋਬਿੰਦਧਾਮ ਤੋਂ ਚਲਦੇ ਹੋਏ ਗੁਰਦੁਆਰਾ ਹੇਮਕੁੰਟ ਵਿਖੇ ਸਵੇਰੇ 10.30 ਵਜੇ ਦੀ ਅਰਦਾਸ ਵਿੱਚ ਸ਼ਾਮਲ ਹੋਏ। ਵਾਪਸੀ ਤੇ ਰਾਤ ਗੁਰਦੁਆਰਾ ਜੋਸ਼ੀਮੱਠ ਵਿਖੇ ਬਿਤਾਈ। 11 ਜੂਨ ਨੂੰ ਸਵੇਰੇ ਕਾਰ ਰਾਹੀਂ ਰਿਸ਼ੀਕੇਸ਼, ਬਦਰੀਨਾਥ, ਹਰਿਦੁਆਰ, ਦੇਹਰਾਦੂਨ ਹੁੰਦੇ ਹੋਏ ਗੁਰਦੁਆਰਾ ਪਾਉਂਟਾ ਸਾਹਿਬ ਪਹੁੰਚ ਕੇ ਰਾਤ ਬਿਤਾਈ ਤੇ ਅਗਲੇ ਦਿਨ ਆਪੋ-ਆਪਣੇ ਘਰ ਪਟਿਆਲਾ ਪਹੁੰਚ ਗਏ।

ਲੇਖਕ ਨੇ ਆਪਣੇ ਬਿਰਤਾਂਤ ਦੀ ਪੁਸ਼ਟੀ ਲਈ ਭਾਈ ਕਾਨ ਸਿੰਘ ਨਾਭਾ, ਪ੍ਰੋ. ਪਿਆਰਾ ਸਿੰਘ ਪਦਮ, ਡਾ. ਪਰਮਵੀਰ ਸਿੰਘ, ਭਾਈ ਵੀਰ ਸਿੰਘ, ਭਾਈ ਸੰਤੋਖ ਸਿੰਘ, ਪੰਡਤ ਤਾਰਾ ਸਿੰਘ ਨਰੋਤਮ, ਅੰਗਰੇਜ਼ੀ ਲਿਖਤਾਂ, ਵੇਦ, ਪੌਰਾਣ, ਉਪਨਿਸ਼ਦ ਆਦਿ ਦੇ ਨਾਲ ਨਾਲ ਸਥਾਨਕ ਮੈਨੇਜਮੈਂਟਾਂ ਦੇ ਹਵਾਲਿਆਂ ਨੂੰ ਵੀ ਢੁਕਵੀਂਆਂ ਥਾਂਵਾਂ ਤੇ ਵਰਤਿਆ ਹੈ।

ਇਸ ਸਫ਼ਰਨਾਮੇ ਵਿੱਚ ਪ੍ਰਕਿਰਤਕ ਦ੍ਰਿਸ਼, ਧਰਤੀ ਦੀ ਵੰਨ-ਸੁਵੰਨਤਾ, ਸੜਕਾਂ, ਪੁਲ, ਭਾਸ਼ਾਵਾਂ, ਉਪਭਾਸ਼ਾਵਾਂ, ਜੋਖਮ, ਹਾਸਾ-ਠੱਠਾ, ਕਾਵਿਕ-ਵਲਵਲੇ, ਪੌਣ-ਪਾਣੀ, ਲੋੜੀਂਦੇ ਫੋਨ ਨੰ., ਲੋੜੀਂਦੀਆਂ ਜ਼ਰੂਰੀ ਚੀਜ਼ਾਂ, ਦਵਾਈਆਂ ਆਦਿ ਦੀ ਜਾਣਕਾਰੀ ਦੇ ਕੇ ਇਹਨੂੰ ਹਰ ਪੱਖੋਂ ਸੰਪੂਰਨ ਬਣਾ ਕੇ ਪ੍ਰਸਤੁਤ ਕੀਤਾ ਹੈ, ਜਿਸ ਲਈ ਲੇਖਕ ਵਧਾਈ ਦਾ ਹੱਕਦਾਰ ਹੈ।

ਯਾਤਰਾ ਵਿੱਚ ਕੁਝ ਨਿੱਕੀਆਂ ਮੋਟੀਆਂ ਕਠਿਨਾਈਆਂ (ਕਾਰ ਖਰਾਬ ਹੋਣੀ, ਬੁਖਾਰ ਹੋਣਾ ਆਦਿ) ਤੋਂ ਬਿਨਾਂ ਲੇਖਕ ਤੇ ਉਹਦੇ ਸਾਥੀਆਂ ਦਾ ਇਹ ਸਫ਼ਰ ਬਹੁਤ ਸੁਹਾਵਣਾ ਤੇ ਖ਼ੁਸ਼ੀ ਭਰਪੂਰ ਰਿਹਾ। ਲੇਖਕ ਨੇ ਇਸ ਵਿੱਚ ਇਤਿਹਾਸ, ਮਿਥਿਹਾਸ ਦੇ ਅੰਸ਼ ਸ਼ਾਮਲ ਕਰਕੇ ਆਪਣੇ ਬਿਰਤਾਂਤ ਨੂੰ ਪੜ੍ਹਨਯੋਗ, ਜਾਣਕਾਰੀ ਭਰਪੂਰ ਤੇ ਰਸਮਈ ਬਣਾਉਣ ਦੀ ਸਫ਼ਲ ਕੋਸ਼ਿਸ਼ ਕੀਤੀ ਹੈ। ਮੇਰੇ ਵਰਗੇ ਬਹੁਤੇ ਪਾਠਕ, ਜਿਨ੍ਹਾਂ ਨੇ ਹੇਮਕੁੰਟ ਸਾਹਿਬ ਦੇ ਦਰਸ਼ਨ ਨਹੀਂ ਕੀਤੇ, ਇਸ ਪੁਸਤਕ ਰਾਹੀਂ ਉਸ ਧਰਮੱਗ ਧਰਤੀ ਨੂੰ ਨਤਮਸਤਕ ਹੋ ਸਕਦੇ ਹਨ।